नामांक Roll No.

| | | | | | | |
|---|---|---|---|---|---|---|
| | | | | | | |

No. of Questions – 28

No. of Printed Pages – 8

# SS-25-Punjabi Sah.

## पंजाबी साहित्य (PUNJABI SAHITYA)

## उच्च माध्यमिक परीक्षा, 2021

**Time : 3¼ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

(1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ ।

OFFICE COPY

(2) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ **20** ਤੋਂ **28** ਤਕ ਆਂਤਰਿਕ ਵਿਕਲਪ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿੰਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

## ਖੰਡ – ੳ

1. ਹੇਠ ਲਿਖੇ ਪ੍ਰਸ਼ਨਾਂ ਦੇ **ਸਹੀ** ਵਿਕਲਪ ਦੀ ਚੋਣ ਕਰੋ : **10 × 1 = 10**

(i) 'ਖੜ੍ਹਾ ਸਾਈਕਲ' ਕਾਵਿ ਰਚਨਾ ਕਿਸ ਕਵੀ ਦੀ ਹੈ :

(ੳ) ਗੁਰਤੇਜ ਕੋਹਾਰਵਾਲਾ (ਅ) ਡਾ. ਵਨੀਤਾ

(ੲ) ਡਾ. ਜਗਤਾਰ (ਸ) ਡਾ. ਪਾਲ ਕੌਰ

(ii) ਗੁਰਭਜਨ ਗਿੱਲ ਦੀ ਕਾਵਿ ਰਚਨਾ ਹੈ :

(ੳ) ਆਪਣੀ ਜਾਚੇ (ਅ) ਮੈਂ ਪੰਜਾਬੀ

(ੲ) ਹਾਣੀਆ (ਸ) ਧਰਤੀ ਦੇ ਬੋਲ

(iii) ਸਾਡਾ ਘੁੱਟੀ ਘੁੱਟੀ ਖੂਨ ਤੇਲ ਪੀ ਗਿਆ,
ਤੇ ਖਾਦ ਖਾਗੀ ਹੱਡ ਖਾਰ ਕੇ ।

ਉਪਰੋਕਤ ਸਤਰ੍ਹਾਂ ਕਿਸ ਕਵਿਤਾ ਦੀਆਂ ਹਨ :

(ੳ) ਚੂੜੀਆਂ ਦਾ ਹੋਕਾ (ਅ) ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ

(ੲ) ਸਭ ਤੋਂ ਖ਼ਤਰਨਾਕ (ਸ) ਧਰਤੀ ਦੇ ਬੋਲ

(iv) ਸਿਰ ਕਚਕੌਲ ਬਨਾ ਹਥ ਲੀਤਾ,
ਪੜ੍ਹਿਆ ਦੁਆਰੇ ਫਿਰਿਆ,
ਦਰ ਦਰ ਦੇ ਟੁੱਕ ਮੰਗ ਮੰਗ ਖਾਏ,
ਤੁੰਨ ਤੁੰਨ ਕੇ ਇਹ ਭਰਿਆ ।

ਉਪਰੋਕਤ ਸਤਰ੍ਹਾਂ ਕਿਸ ਕਵੀ ਦੀਆਂ ਹਨ :

(ੳ) ਪ੍ਰੋ. ਪੂਰਨ ਸਿੰਘ (ਅ) ਧਨੀ ਰਾਮ ਚਾਤ੍ਰਿਕ

(ੲ) ਭਾਈ ਵੀਰ ਸਿੰਘ (ਸ) ਪਾਸ਼

OFFICE COPY

(v) 'ਆਪਣਾ–ਆਪਣਾ ਹਿੱਸਾ' ਕਹਾਣੀ ਦਾ ਕਹਾਣੀਕਾਰ ਹੈ :

(ੳ) ਗੁਰਦਿਆਲ ਸਿੰਘ (ਅ) ਗੁਰਦੇਵ ਰੁਪਾਣਾ

(ੲ) ਅਮਨਪਾਲ ਸਾਰਾ (ਸ) ਵਰਿਆਮ ਸਿੰਘ ਸੰਧੂ

(vi) ਕਹਾਣੀਕਾਰ ਸੰਤੋਖ ਸਿੰਘ ਧੀਰ ਦੀ ਰਚਨਾ ਹੈ :

(ੳ) ਗੁੱਡ ਡੀਅਲ (ਅ) ਕੋਈ ਇੱਕ ਸਵਾਰ

(ੲ) ਹਵਾ (ਸ) ਸ਼ਹੀਦ ਦੀ ਮਾਂ

(vii) 'ਖੇਡਾਂ ਆਪਸੀ ਦੁਸ਼ਮਣੀ ਮਿਟਾ ਸਕਦੀਆਂ ਹਨ' ਇਹ ਸਤਰ ਕਿਸ ਕਹਾਣੀ ਦੀ ਹੈ :

(ੳ) ਮੋਹ ਪਾਸ਼ (ਅ) ਭੂਆ

(ੲ) ਸ਼ਹੀਦ ਦੀ ਮਾਂ (ਸ) ਮੈਨੂੰ ਜਾਣਨੈ ?

(viii) 'ਘੜੀ ਤਾਂ ਖਰਾਬ ਹੋਗੀ' ਕਹਾਣੀ ਦਾ ਪਾਤਰ ਹੈ :

(ੳ) ਗੁਰਬੰਤਾ (ਅ) ਬਿੱਕਰ

(ੲ) ਸ਼ੇਰੂ ਮੀਰਾਬ (ਸ) ਮਦਨ

(ix) ਕਰੁਣਾ ਰਸ ਦਾ ਸਥਾਈ ਭਾਵ ਹੈ :

(ੳ) ਉਤਸ਼ਾਹ (ਅ) ਕ੍ਰੋਧ

(ੲ) ਘ੍ਰਿਣਾ (ਸ) ਸ਼ੋਕ

(x) ਵਿਸਮਾਦੁ ਨਾਦ ਵਿਸਮਾਦੁ ਵੇਦ ।।
ਵਿਸਮਾਦੁ ਜੀਅ ਵਿਸਮਾਦੁ ਭੇਦ ।
ਵਿਸਮਾਦੁ ਰੂਪ ਵਿਸਮਾਦੁ ਰੰਗ ।।
ਵਿਸਮਾਦੁ ਨਾਗੇ ਫਿਰਹਿ ਜੰਤ ।।

ਉਪਰੋਕਤ ਸਤਰ੍ਹਾਂ ਕਿਸ ਰਸ ਦੀ ਉਦਾਹਰਨ ਹਨ :

(ੳ) ਸ਼ਾਤ ਰਸ (ਅ) ਸ਼ਿੰਗਾਰ ਰਸ

(ੲ) ਅਦਭੁਤ ਰਸ (ਸ) ਰੌਦਰ ਰਸ

**2 – 8** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **ਇੱਕ** ਪੰਗਤੀ ਵਿੱਚ ਦਿਓ : **7 × 1 = 7**

2. ਪਾਸ਼ ਕਿਸ ਨੂੰ ਸਭ ਤੋਂ ਖ਼ਤਰਨਾਕ ਮੰਨਦਾ ਹੈ ?

OFFICE COPY

3. 'ਅਰਸ਼ੀ ਦੀਵਾਲੀ' ਕਵਿਤਾ ਵਿੱਚ ਕਿਹੜੇ ਸ਼ਹਿਰ ਦੀ ਗੱਲ ਹੋਈ ਹੈ ?

4. ਮਦਨ ਉੱਪਰ ਕਿਹੜੀ ਹਵਾ ਦਾ ਪ੍ਰਭਾਵ ਪੈਂਦਾ ਹੈ ?

5. ਮੈਂ ਪਾਤਰ ਨੇ ਸਾਂਗਲੇ ਸੰਬੰਧੀ ਕੀ ਸੁਣਿਆ ਹੋਇਆ ਸੀ ?

6. 'ਹੱਥ ਵਟਾਉਣਾ' ਮੁਹਾਵਰੇ ਦਾ ਅਰਥ ਲਿਖੋ ।

7. 'ਸਿਰ ਉੱਤੇ ਹੱਥ ਰੱਖਣਾ' ਮੁਹਾਵਰੇ ਦਾ ਵਾਕ ਬਣਾ ਕੇ ਅਰਥ ਸਪੱਸ਼ਟ ਕਰੋ ।

8. 'ਅੱਡੀ ਚੋਟੀ ਦਾ ______' ਮੁਹਾਵਰੇ ਨੂੰ ਪੂਰਾ ਕਰੋ ।

**9 – 11** ਹੇਠ ਲਿਖੀਆਂ ਖਾਲੀ ਥਾਵਾਂ ਨੂੰ ਭਰੋ : **3 × 1 = 3**

9. ਹਾਥੀ ਲੰਘ ਗਿਆ, ______ ।

10. ______ ਸੁਥਰਾ ਘੋਲ ਪਤਾਸੇ ਪੀਵੇ ।

11. ਅੱਖੀਂ ਵੇਖ ਕੇ ______ ਨਿਗਲ਼ੀ ਜਾਂਦੀ ।

### ਖੰਡ – ਅ

**12 – 17** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **6 × 2 = 12**

12. 'ਗਰੀਬ ਕਿਰਸਾਣ' ਕਵਿਤਾ ਵਿੱਚ ਕਵੀ ਕਿਹੜੀਆਂ ਪੰਜ ਭੈੜੀਆਂ ਆਦਤਾਂ ਛੱਡਣ ਬਾਰੇ ਕਹਿੰਦਾ ਹੈ ?

13. ਕਵੀ ਰਾਹੀ ਨੂੰ ਦੋ ਪਲ ਰੁਕਣ ਲਈ ਕਿਉਂ ਆਖਦਾ ਹੈ ? 'ਧਰਤੀ ਦੇ ਬੋਲ' ਕਵਿਤਾ ਦੇ ਆਧਾਰ 'ਤੇ ਦੱਸੋ ।

14. ਕਵੀ ਪੁਰਖਿਆਂ ਦੇ ਰਸਤੇ 'ਤੇ ਕਿਉਂ ਤੁਰਦਾ ਹੈ ? ਕਵਿਤਾ ਦੇ ਆਧਾਰ ਉੱਪਰ ਬਿਆਨ ਕਰੋ ।

15. 'ਔੜ' ਕਵਿਤਾ ਕਿਹੜੇ ਭਾਵਾਂ ਦਾ ਸੰਚਾਰ ਕਰਦੀ ਹੈ ?

16. 'ਸੱਚ ਵੀ ਮੁਥਾਜ ਹੈ' ਕਹਾਣੀ ਰਾਹੀਂ ਕਹਾਣੀਕਾਰ ਕੀ ਸੁਨੇਹਾ ਦੇਣਾ ਚਾਹੁੰਦਾ ਹੈ ?

17. ਆਛੂ ਆਪਣੀ ਕੌਮ ਨੂੰ ਅਣਖੀ ਸਿੱਧ ਕਰਨ ਲਈ ਕਿਹੜੀਆਂ ਦਲੀਲਾਂ ਦਿੰਦਾ ਹੈ ?

OFFICE COPY

**18 – 19** ਹੇਠ ਲਿਕੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ : **2 × 2 = 4**

18. (i) ਮੇਰੇ ਕੋਲ ਕਿਤਾਬਾਂ ਕਾਪੀਆਂ ਅਤੇ ਰਬੜ ਹੈ

(ii) ਕੈਸੀ ਆਰਤੀ ਹੋਇ
ਭਵ ਖੰਡਨਾ ਤੇਰੀ ਆਰਤੀ

19. (i) ਗੋਡੇ ਗੋਡੇ ਦਿਨ ਚੜ੍ਹ ਆਇਆ

(ii) ਚਾਚਾ ਜੀ ਤੁਸੀਂ ਰੋਂਦੇ ਕਿਉਂ ਹੋ

## ਖੰਡ - ੲ

**20 – 23** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **4 × 4 = 16**

20. 'ਖ਼ਨਗਾਹੀ ਦੀਵਾ ਬਾਲਦੀ ਏ' ਕਵਿਤਾ ਦਾ ਸਾਰ ਲਿਖੋ ।

**ਜਾਂ**

'ਮੈਂ ਪੰਜਾਬੀ' ਕਵਿਤਾ ਵਿੱਚ ਆਏ ਭਾਵਾਂ ਨੂੰ ਬਿਆਨ ਕਰੋ ।

21. 'ਹਾਣੀਆ' ਗੀਤ ਦਾ ਕੇਂਦਰੀ ਭਾਵ ਲਿਖੋ ।

**ਜਾਂ**

'ਸਮਾਂ' ਕਵਿਤਾ ਸਾਨੂੰ ਕੀ ਸੁਨੇਹਾ ਦਿੰਦੀ ਹੈ ?

22. 'ਆਤੂ ਖੋਜੀ' ਕਹਾਣੀ ਦਾ ਸਾਰ ਲਿਖੋ ।

**ਜਾਂ**

ਕੁੰਢੇ ਦੀ ਪਾਤਰ ਉਸਾਰੀ ਕਰੋ । (ਘੜੀ ਤਾਂ ਖਰਾਬ ਹੋ–ਗੀ !)

23. ਹੇਠ ਲਿਖੇ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ :

ਨੇਕੀ ਦਾ ਫ਼ਲ

**ਜਾਂ**

ਜਿੱਥੇ ਚਾਹ ਉੱਥੇ ਰਾਹ

OFFICE COPY

## ਖੰਡ – ਸ

24. ਹੇਠ ਲਿਖੇ ਕਾਵਿ–ਬਿੰਦਾਂ ਵਿੱਚੋਂ ਕਿਸੇ **ਇੱਕ** ਨਾਲ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਦਿਓ : **5 × 1 = 5**

ਜਿਹੜੇ ਘਰ ਧੀਆਂ ਵਾਲੀ ਠੰਢੀ ਮਿੱਠੀ ਛਾਂ ਨਹੀਂ ।
ਓਸ ਘਰ ਰਹਿਮਤਾਂ ਲਈ ਹੁੰਦੀ ਕੋਈ ਥਾਂ ਨਹੀਂ ।
ਘਰ ਆਈਆਂ ਦੌਲਤਾਂ ਨਾ ਕਿਸੇ ਘਰੋਂ ਮੋੜੀਆਂ ।
ਵੰਡਿਆ ਕਰੋ ਜੀ, ਤੁਸੀਂ, ਧੀਆਂ ਦੀਆਂ ਲੋਹੜੀਆਂ ।
ਪੱਗ ਨਾਲ ਚੁੰਨੀ ਵਿਹੜਾ ਰਲ ਮਿਲ ਮਹਿਕਦਾ ।
ਧੀਆਂ ਬਿਨਾਂ ਘਰ ਵੀ ਸਲੀਕੇ ਲਈ ਸਹਿਕਦਾ ।
ਸਾਂਝ ਦੀਆਂ ਤੰਦਾਂ ਸਦਾ ਰੱਖੜੀ ਨੇ ਜੋੜੀਆਂ ।
ਵੰਡਿਆ ਕਰੋ ਜੀ, ਤੁਸੀਂ, ਧੀਆਂ ਦੀਆਂ ਲੋਹੜੀਆਂ ।

(ੳ) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ ।
(ਅ) ਉਪਰੋਕਤ ਸਤਰ੍ਹਾਂ ਦੀ ਸਰਲ ਵਿਆਖਿਆ ਕਰੋ ।
(ੲ) ਕਿਹੜੇ ਘਰ ਵਿੱਚ ਰਹਿਮਤਾਂ ਲਈ ਕੋਈ ਥਾਂ ਨਹੀਂ ਹੁੰਦੀ ?
(ਸ) ਸਾਂਝ ਦੀਆਂ ਤੰਦਾਂ ਕਿਸਨੇ ਜੋੜੀਆਂ ਹਨ ?
(ਹ) ਔਖੇ ਸ਼ਬਦਾਂ ਦੇ ਅਰਥ ਲਿਖੋ :
ਰਹਿਮਤ, ਦੌਲਤ, ਤੰਦ, ਸਹਿਕਦਾ

**ਜਾਂ**

ਲੁਧਿਆਣੇ ਦੇ ਕੋਲ ਹੀ
ਇੱਕ ਪਿੰਡ ਬਾੜੇਵਾਲ ਵਿੱਚ
ਜੜ੍ਹ ਲੱਗੀ ਤੇ ਪੁੰਗਰੀ
ਰਾਮ ਕਲੀ ਦੀ ਕੁੱਖ 'ਚੋਂ
ਜਨਮੀ ਬੇਟੀ ਓਸ ਦੀ
ਨਾਂ ਰੱਖਿਆ ਸੀ ਮਾਧੁਰੀ
ਕੱਲ੍ਹ ਮੈਂ ਦੇਖੀ ਮਾਧੁਰੀ
ਓਸੇ ਪਿੰਡ ਸਕੂਲ ਵਿੱਚ
ਗੁੱਤਾਂ ਬੰਨ੍ਹ ਕੇ ਰਿਬਨ ਵਿੱਚ
ਸੁਹਣੀ ਪੱਟੀ ਪੋਚ ਕੇ
ਊੜਾ ਐੜਾ ਲਿਖ ਰਹੀ
ਕਿੰਨਾ ਗੂੜ੍ਹਾ ਸਾਕ ਹੈ
ਅੱਖਰਾਂ ਤੇ ਰਿਜ਼ਕ ਦਾ

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

(ਅ) ਉਪਰੋਕਤ ਸਤਰ੍ਹਾਂ ਦੀ ਸਰਲ ਵਿਆਖਿਆ ਕਰੋ ।

(ੲ) ਮਾਧੁਰੀ ਕੀ ਕਰ ਰਹੀ ਸੀ ?

(ਸ) ਗੂੜ੍ਹਾ ਸਾਕ ਕਿੰਨਾ ਦਰਮਿਆਨ ਹੈ ?

(ਹ) ਔਖੇ ਸ਼ਬਦਾਂ ਦੇ ਅਰਥ ਲਿਖੋ :
ਸਾਕ, ਰਿਜ਼ਕ, ਗੂੜ੍ਹਾ, ਪੁੰਗਰੀ

OFFICE COPY

25. ਹੇਠ ਲਿਖੇ **ਇੱਕ** ਪੈਰ੍ਹੇ ਨਾਲ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਲਿਖੋ : **5 × 1 = 5**

ਵਿਗਿਆਨ ਦੀਆਂ ਕਾਢਾਂ ਨੇ ਹੀ ਭਰੂਣ ਹੱਤਿਆ ਨੂੰ ਜਨਮ ਦਿੱਤਾ ਹੈ । ਅਲਟਰਾ-ਸਾਊਂਡ ਦੀ ਖੋਜ ਮਨੁੱਖ ਦੀਆਂ ਅੰਦਰੂਨੀ ਬਿਮਾਰੀਆਂ ਨੂੰ ਜਾਣਨ ਲਈ ਹੋਈ ਸੀ ਪਰ ਡਾਕਟਰ ਇਸ ਦੀ ਵਰਤੋਂ ਨਰ ਜਾਂ ਮਾਦਾ ਦੇ ਭੇਦ ਜਾਣਨ ਲਈ ਕਰਨ ਲੱਗ ਪਏ । ਇਸ ਤੋਂ ਉਹਨਾਂ ਨੂੰ ਮੋਟੀ ਰਕਮ ਮਿਲ ਜਾਂਦੀ ਸੀ । ਇਸ ਤਰ੍ਹਾਂ ਮੁੰਡਾ ਪ੍ਰਾਪਤੀ ਦੀ ਲਾਲਸਾ ਨੇ ਭਰੂਣ-ਹੱਥਿਆ ਨੂੰ ਜਨਮ ਦਿੱਤਾ । ਮਹਾਂਪੁਰਸ਼ਾਂ ਅਨੁਸਾਰ ਹਰ ਜੀਵ ਵਿੱਚ ਪਰਮਾਤਮਾ ਦਾ ਨਿਵਾਸ ਹੈ । ਇਸ ਲਈ ਜੀਵ ਹੱਤਿਆ ਕਰਨੀ ਕੁਦਰਤੀ ਨਿਯਮਾਂ ਦੇ ਵਿਰੁੱਧ ਹੈ ਪਰੰਤੂ ਭਰੂਣ ਹੱਤਿਆ ਬਾ-ਦਸਤੂਰ ਜਾਰੀ ਹੈ ।

(ੳ) ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ।

(ਅ) ਅਲਟਰਾ-ਸਾਊਂਡ ਦੀ ਖੋਜ ਕਿਸ ਲਈ ਹੋਈ ਸੀ ?

(ੲ) ਡਾਕਟਰ ਅਲਟਰਾ – ਸਾਂਊਂਡ ਦੀ ਵਰਤੋਂ ਕਿਸ ਲਈ ਕਰਨ ਲੱਗ ਪਏ ?

(ਸ) ਜੀਵ ਹੱਤਿਆ ਕਰਨਾ ਕੀ ਹੈ ?

(ਹ) ਔਖੇ ਸ਼ਬਦਾਂ ਦੇ ਅਰਥ ਲਿਖੋ :
ਭੇਦ ਲਾਲਸਾ, ਅੰਦਰੂਨੀ, ਖੋਜ

ਜਾਂ

ਜਿਹੜਾ ਵਿਅਕਤੀ ਚੰਗੀਆਂ ਪੁਸਤਕਾਂ ਪੜਦਾ ਹੈ, ਉਹ ਮੁਕਾਬਲਿਆਂ ਦੀਆਂ ਪ੍ਰੀਖਿਆਵਾਂ ਵਿੱਚ ਵੀ ਪਾਸ ਹੋ ਜਾਂਦਾ ਹੈ ਅਤੇ ਉਸ ਕੋਲ ਰੋਜ਼ਾਨਾ ਜ਼ਿੰਦਗੀ ਵਿੱਚ ਵਿਚਰਨ ਲਈ ਵੀ ਗਿਆਨ ਦਾ ਭੰਡਾਰ ਇੱਕਠਾ ਹੋ ਜਾਂਦਾ ਹੈ । ਉਹ ਆਪਣੇ ਅਮੀਰ ਵਿਚਾਰਾਂ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ । ਚੰਗਾ ਬੋਲ-ਚਾਲ ਤੇ ਚੰਗਾ ਸਲੀਕਾ ਪੁਸਤਕਾਂ ਪੜ੍ਹ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ । ਪੁਸਤਕ ਪੜ ਕੇ ਮਨੁੱਖ ਵਿੱਚ ਸਵੈ-ਵਿਸ਼ਵਾਸ ਪੈਦਾ ਹੁੰਦਾ ਹੈ । ਇਹਨਾਂ ਪੁਸਤਕਾਂ ਜ਼ਰੀਏ ਉਹ ਜ਼ਿੰਦਗੀ ਦੇ ਸਫ਼ਰ ਵਿੱਚ ਉੱਚੇ ਮੁਕਾਮ ਹਾਸਲ ਕਰ ਲੈਂਦਾ ਹੈ । ਨਾਵਲ, ਨਾਟਕ ਆਦਿ ਮਨੁੱਖ ਦੀ ਇਕੱਲਤਾ ਦੂਰ ਕਰਦੇ ਹਨ ।

(ੳ) ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ।

(ਅ) ਦੂਜਿਆਂ ਨੂੰ ਪ੍ਰਭਾਵਿਤ ਕਿਵੇਂ ਕੀਤਾ ਜਾ ਸਕਦਾ ਹੈ ?

(ੲ) ਚੰਗਾ ਬੋਲ-ਚਾਲ ਤੇ ਚੰਗਾ ਸਲੀਕਾ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ?

(ਸ) ਮਨੁੱਖ ਦੀ ਇਕੱਲਤਾ ਕੌਣ ਦੂਰ ਕਰਦਾ ਹੈ ?

(ਹ) ਔਖੇ ਸ਼ਬਦਾਂ ਦੇ ਅਰਥ ਲਖੋ :

ਰੋਜ਼ਾਨਾ, ਸਫ਼ਰ, ਜ਼ਰੀਏ, ਮੁਕਾਮ

**ਖੰਡ —ਹ**

26. ਹੇਠ ਦਿੱਤੇ ਕਿਸੇ **ਇੱਕ** ਵਿਸ਼ੇ ਉੱਪਰ ਲੇਖ ਲਿਖੋ : 6

(ੳ) ਪੰਜਾਬ ਦੀਆਂ ਲੋਕ ਖੇਡਾਂ

(ਅ) ਮੇਰਾ ਮਨਭਾਉਂਦਾ ਸਾਹਿਤਕਾਰ

(ੲ) ਦਿਨੋ ਦਿਨ ਵਧ ਰਹੀ ਮਹਿੰਗਾਈ

OFFICE COPY

27. ਹੇਠ ਦਿੱਤੇ ਕਿਸੇ **ਇੱਕ** ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਅਤੇ ਤੱਤਾਂ ਦਾ ਵਰਣਨ ਕਰੋ : 6

(ੳ) ਰੇਖਾ ਚਿੱਤਰ

(ਅ) ਇਕਾਂਗੀ

(ੲ) ਕਵਿਤਾ

28. ਹੇਠ ਦਿੱਤੇ ਵਿੱਚੋਂ ਕਿਸੇ **ਇੱਕ** ਦਾ ਸੰਖੇਪ ਇਤਿਹਾਸ ਲਿਖੋ : 6

(ੳ) ਪੰਜਾਬੀ ਕਵਿਤਾ ਦਾ ਇਤਿਹਾਸ

(ਅ) ਪੰਜਾਬੀ ਨਾਵਲ ਦਾ ਇਤਿਹਾਸ

(ੲ) ਪੰਜਾਬੀ ਨਾਟਕ ਦਾ ਇਤਿਹਾਸ

DO NOT WRITE ANYTHING HERE